# ਬੀ.ਏ. ਭਾਗ ਤੀਜਾ (ਪੰਜਾਬੀ ਲਾਜ਼ਮੀ)

## 2022-23, 2023-24, 2024-25 ਸੈਸ਼ਨਾਂ ਦੇ ਰੈਗੂਲਰ ਵਿਦਿਆਰਥੀਆਂ ਲਈ

## (ਸਮੈਸਟਰ ਪੰਜਵਾਂ)

ਕੁਲ ਅੰਕ : 100 | ਪਾਸ ਹੋਣ ਲਈ ਅੰਕ : 35

ਬਾਹਰੀ ਪਰੀਖਿਆ: 75 ਅੰਕ | ਅੰਦਰੂਨੀ ਮੁਲਾਂਕਣ : 25 ਅੰਕ

ਬਾਹਰੀ ਪਰੀਖਿਆ ਵਿਚੋਂ ਪਾਸ ਹੋਣ ਲਈ ਅੰਕ : 26 | ਅੰਦਰੂਨੀ ਮੁਲਾਂਕਣ ਵਿਚੋਂ ਪਾਸ ਹੋਣ ਲਈ ਅੰਕ : 09

ਸਮਾਂ : 3 ਘੰਟੇ | ਅਧਿਆਪਨ: 50 ਪੀਰੀਅਡ

### ਸਿਲੇਬਸ ਅਤੇ ਪਾਠ-ਪੁਸਤਕਾਂ

### ਭਾਗ – ੳ

1. ਵਾਰਤਕ ਵੰਨਗੀਆਂ ਦੇ ਸਰੂਪ, ਸਿਧਾਂਤ ਅਤੇ ਪ੍ਰਕਾਰਜ :

   i) ਮੱਧਕਾਲ ਦੀਆਂ ਵਾਰਤਕ ਵੰਨਗੀਆਂ : ਜਨਮ ਸਾਖੀ, ਸਾਖੀ, ਪਰਚੀ, ਗੋਸ਼ਟਿ, ਹੁਕਮਨਾਮਾ ਆਦਿ।

   ii) ਆਧੁਨਿਕ ਕਾਲ ਦੀਆਂ ਵਾਰਤਕ ਵੰਨਗੀਆਂ : ਨਿਬੰਧ, ਜੀਵਨੀ, ਸਵੈਜੀਵਨੀ, ਰੇਖਾ-ਚਿੱਤਰ, ਖ਼ਤ, ਡਾਇਰੀ ਆਦਿ।

   **10 ਅੰਕ**

2. ਵਾਰਤਕੀ (ਸੰਪਾ. ਅਮਰਜੀਤ ਸਿੰਘ ਕਾਂਗ ਤੇ ਤੇਜਵੰਤ ਸਿੰਘ ਮਾਨ), ਪੰਜਾਬੀ ਯੂਨੀਵਰਸਿਟੀ, ਪਟਿਆਲਾ। **10 ਅੰਕ**

### ਭਾਗ – ਅ

3. ਕਹਾਣੀ, ਕਵਿਤਾ, ਇਕਾਂਗੀ ਜਾਂ ਨਿਬੰਧ ਰਚਨਾ ਨਾਲ ਸੰਬੰਧਤ ਸਿਰਜਣਾਤਮਕ ਲੇਖਣ। **10 ਅੰਕ**

4. ਵਿਆਕਰਣ

   I) ਸ਼ਬਦ ਬਣਤਰ ਤੇ ਸ਼ਬਦ ਰਚਨਾ : ਪਰਿਭਾਸ਼ਾ, ਮੁੱਢਲੇ ਸੰਕਲਪ

   (ਮੂਲ ਰੂਪ ਜਾਂ ਧਾਤੂ, ਅਗੇਤਰ, ਪਿਛੇਤਰ, ਵਿਉਂਤਪਤ ਤੇ ਰੂਪਾਂਤਰਣੀ ਰੂਪ) **5 ਅੰਕ**

   II) ਵਾਕੰਸ਼: ਪਰਿਭਾਸ਼ਾ ਅਤੇ ਵੰਨਗੀਆਂ

   ੳ) ਨਾਂਵ ਵਾਕੰਸ਼: ਪਰਿਭਾਸ਼ਾ, ਬਣਤਰ ਤੇ ਪ੍ਰਕਾਰਜ

   ਅ) ਕਿਰਿਆ ਵਾਕੰਸ਼: ਪਰਿਭਾਸ਼ਾ, ਬਣਤਰ ਤੇ ਪ੍ਰਕਾਰਜ **5 ਅੰਕ**

   III) ਕਾਰਕ ਅਤੇ ਕਾਰਕੀ ਸੰਬੰਧ **5 ਅੰਕ**

   **(5+5+5=15 ਅੰਕ)**

### ਭਾਗ – ੲ

5. ਵਾਰਤਕ ਸਿਧਾਂਤ, ਪਾਠ ਪੁਸਤਕ 'ਵਾਰਤਕੀ' ਅਤੇ ਵਿਆਕਰਨ ਉੱਤੇ ਅਧਾਰਤ ਸੰਖੇਪ ਉੱਤਰਾਂ ਵਾਲੇ 15 ਪ੍ਰਸ਼ਨ।

   **15X2=30 ਅੰਕ**

## ਪ੍ਰੀਖਿਆਰਥੀਆਂ, ਅਧਿਆਪਕਾਂ ਅਤੇ ਪੇਪਰ ਸੈਟਰ ਲਈ ਬਾਹਰੀ ਮੁਲਾਂਕਣ ਵਾਸਤੇ ਹਦਾਇਤਾਂ

### ਭਾਗ - ੳ

1. ਮੱਧਕਾਲੀ ਅਤੇ ਆਧੁਨਿਕ ਕਾਲ ਨਾਲ ਸੰਬੰਧਤ ਵਾਰਤਕ ਵੰਨਗੀਆਂ ਦੇ ਸਰੂਪ, ਸਿਧਾਂਤ ਤੇ ਪ੍ਰਕਾਰਜ ਬਾਰੇ ਅਧਿਐਨ/ ਅਧਿਆਪਨ ਇਸ ਤਰ੍ਹਾਂ ਕੀਤਾ ਜਾਵੇ ਕਿ ਇਨ੍ਹਾਂ ਵੰਨਗੀਆਂ ਦਾ ਆਪਸੀ ਅੰਤਰ ਪੂਰੀ ਤਰ੍ਹਾਂ ਨਾਲ ਸਪੱਸ਼ਟ ਹੋ ਜਾਵੇ। ਇਸ ਭਾਗ ਵਿੱਚ ਕੋਈ ਤਿੰਨ ਵੰਨਗੀਆਂ ਵਿੱਚੋਂ ਕਿਸੇ ਇੱਕ ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ ਜਾਂ ਕੋਈ ਦੋ ਵੰਨਗੀਆਂ ਦੇ ਕੇ ਉਨ੍ਹਾਂ ਵਿਚਲੇ ਅੰਤਰ ਨੂੰ ਸਪਸ਼ਟ ਕਰਨ ਸੰਬੰਧੀ ਸਵਾਲ ਪੁੱਛਿਆ ਜਾਵੇਗਾ। **(ਤਿੰਨ ਵਿਚੋਂ ਇੱਕ)** **10 ਅੰਕ**
2. "ਵਾਰਤਕੀ" ਪਾਠ-ਪੁਸਤਕ ਉੱਤੇ ਆਧਾਰਿਤ ਵਾਰਤਕ ਰਚਨਾਵਾਂ ਦੇ ਵਿਸ਼ੇ ਵਸਤੂ, ਮੂਲ ਭਾਵ ਅਤੇ ਜੀਵਨ ਦੀ ਸਮਝ ਵਿਚ ਮਹੱਤਵ ਤੇ ਸਾਰਥਕਤਾ ਬਾਰੇ ਪ੍ਰੀਖਿਆਰਥੀਆਂ ਨੂੰ ਪਾਠਕ ਦੇ ਰੂਪ ਵਿਚ ਹੁੰਗਾਰਾ ਦੇਣਾ ਹੋਵੇਗਾ। **(ਤਿੰਨ ਵਿਚੋਂ ਇੱਕ)** **10 ਅੰਕ**

### ਭਾਗ - ਅ

3. ਸਿਜਰਣਾਤਮਕ ਲੇਖਣ: ਵਿਦਿਆਰਥੀਆਂ ਵਿੱਚ ਸਿਰਜਣਾਤਮਕ ਲੇਖਣ ਦਾ ਹੁਨਰ ਪੈਦਾ ਕਰਨ ਲਈ ਕਵਿਤਾ, ਕਹਾਣੀ, ਇਕਾਂਗੀ ਜਾਂ ਲੇਖ/ ਨਿਬੰਧ ਰਚਨਾ ਨਾਲ ਸੰਬੰਧਤ ਕੋਈ ਪੰਜ ਸ਼ਬਦ/ ਵਾਕੰਸ਼ ਦੇ ਕੇ ਉਨ੍ਹਾਂ ਦੇ ਆਧਾਰ 'ਤੇ ਆਪਣੀ ਖੁਦ ਦੀ ਕਹਾਣੀ, ਕਵਿਤਾ, ਇਕਾਂਗੀ ਜਾਂ ਨਿਬੰਧ ਰਚਨਾ ਲਿਖਣ ਲਈ ਕਿਹਾ ਜਾਵੇਗਾ। **10 ਅੰਕ**
4. ਵਿਆਕਰਣ : ਇਸ ਵਿਚ ਵਿਆਕਰਣ ਦੇ ਸੰਕਲਪਾਂ ਦੀ ਪਰਿਭਾਸ਼ਾ, ਬਣਤਰ ਤੇ ਪ੍ਰਕਾਰਜ ਬਾਰੇ ਤਿੰਨੇ ਉਪਭਾਗਾਂ ਵਿਚੋਂ 2 - 2 ਪ੍ਰਸ਼ਨ ਪੁੱਛੇ ਜਾਣਗੇ। ਵਿਦਿਆਰਥੀ ਨੂੰ ਹਰ ਇੱਕ ਉਪਭਾਗ ਵਿਚੋਂ 1-1 ਪ੍ਰਸ਼ਨ ਦਾ ਸੰਖੇਪ ਉੱਤਰ ਉਦਾਹਰਣ ਸਹਿਤ ਸਪੱਸ਼ਟ ਕਰਨ ਲਈ ਕਿਹਾ ਜਾਵੇਗਾ। **(ਛੇ ਵਿਚੋਂ ਤਿੰਨ)** **5+5+5= 15 ਅੰਕ**

### ਭਾਗ - ੲ

5. ਭਾਗ (ੳ) ਦੇ ਵਾਰਤਕ ਸਿਧਾਂਤ ਅਤੇ ਪਾਠ ਪੁਸਤਕ 'ਵਾਰਤਕੀ" ਵਾਲੇ ਭਾਗ ਵਿਚੋਂ **8** ਛੋਟੇ ਪ੍ਰਸ਼ਨ ਅਤੇ ਭਾਗ (ਅ) ਦੇ ਵਿਆਕਰਨ ਵਾਲੇ ਭਾਗ ਵਿਚੋਂ **7** ਪ੍ਰਸ਼ਨ (ਕੁਲ **15**) ਸੰਖੇਪ ਉਤਰਾਂ ਵਾਲੇ ਪ੍ਰਸ਼ਨ ਪੁੱਛੇ ਜਾਣਗੇ। ਪ੍ਰੀਖਿਆਰਥੀਆਂ ਨੂੰ ਸਾਰੇ ਪ੍ਰਸ਼ਨਾਂ ਦੇ ਸੰਖੇਪ ਉਤਰ **(4-6 ਸਤਰਾਂ ਵਿਚ)** ਦੇਣੇ ਹੋਣਗੇ। ਹਰੇਕ ਪ੍ਰਸ਼ਨ ਦੋ ਅੰਕ ਦਾ ਹੋਵੇਗਾ। **15x2=30 ਅੰਕ**

## ਪ੍ਰੀਖਿਆਰਥੀਆਂ, ਅਧਿਆਪਕਾਂ ਅਤੇ ਪੇਪਰ ਸੈਟਰ ਲਈ ਅੰਦਰੂਨੀ ਮੁਲਾਂਕਣ ਵਾਸਤੇ ਹਦਾਇਤਾਂ

**ਅਸਾਈਨਮੈਂਟ ਲਈ ਹਦਾਇਤਾਂ** : ਭਾਗ (ਅ) ਦੇ ਕਵਿਤਾ, ਕਹਾਣੀ, ਇਕਾਂਗੀ ਜਾਂ ਲੇਖ/ ਨਿਬੰਧ ਰਚਨਾ ਨਾਲ ਸੰਬੰਧਤ ਵੰਨਗੀਆਂ ਬਾਰੇ ਵਿਦਿਆਰਥੀ ਘੱਟ ਤੋਂ ਘੱਟ 20 ਪੰਨਿਆਂ ਦੀ ਇੱਕ ਸਿਰਜਣਾਤਮਕ ਲੇਖਣ ਦੀ ਡਾਇਰੀ/ਸਕਰੈਪ ਬੁੱਕ ਤਿਆਰ ਕਰੇਗਾ, ਜਿਸ ਵਿਚ ਹਰ ਵੰਨਗੀ (ਕਹਾਣੀ, ਕਵਿਤਾ, ਇਕਾਂਗੀ ਤੇ ਨਿਬੰਧ) ਦੀਆਂ ਘੱਟ ਤੋਂ ਘੱਟ ਦੋ ਰਚਨਾਵਾਂ ਜ਼ਰੂਰ ਸ਼ਾਮਿਲ ਕਰੇਗਾ। ਵਿਦਿਆਰਥੀ ਨੂੰ ਜਿਸ ਵੰਨਗੀ ਵਿਚ ਵਧੇਰੇ ਮੁਹਾਰਤ ਮਹਿਸੂਸ ਹੋਵੇਗੀ, ਉਸ ਵੰਨਗੀ ਦੀਆਂ ਦੋ ਤੋਂ ਵੱਧ ਰਚਨਾਵਾਂ ਵੀ ਸ਼ਾਮਿਲ ਕੀਤੀਆਂ ਜਾ ਸਕਦੀਆਂ ਹਨ। ਅੰਦਰੂਨੀ ਮੁਲਾਂਕਣ ਤਹਿਤ ਅਸਾਈਨਮੈਂਟ ਦੇ ਅੰਕ ਇਸ ਡਾਇਰੀ/ਸਕਰੈਪ ਬੁੱਕ ਦੇ ਆਧਾਰ 'ਤੇ ਦਿੱਤੇ ਜਾਣਗੇ।

## ਸਹਾਇਕ ਪਾਠ-ਸਾਮੱਗਰੀ


1. ਦੁਨੀ ਚੰਦਰ, ਪੰਜਾਬੀ ਭਾਸ਼ਾ ਦਾ ਵਿਆਕਰਨ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1964

2. ਡਾ. ਹਰਕੀਰਤ ਸਿੰਘ, ਰੁਪਾਂਤਰੀ ਵਿਆਕਰਣ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ ਚੰਡੀਗੜ੍ਹ।

3. ਪੁਆਰ, ਜੋਗਿੰਦਰ ਸਿੰਘ ਅਤੇ ਹੋਰ, ਪੰਜਾਬੀ ਭਾਸ਼ਾ ਦਾ ਵਿਆਕਰਨ, ਭਾਗ-III, ਪੰਜਾਬੀ ਭਾਸ਼ਾ ਅਕਾਦਮੀ, ਜਲੰਧਰ, 1994

4. ਡਾ. ਹਰਕੀਰਤ ਸਿੰਘ ਤੇ ਗਿਆਨੀ ਲਾਲ ਸਿੰਘ, ਕਾਲਿਜ ਪੰਜਾਬੀ ਵਿਆਕਰਣ ਤੇ ਲੇਖ-ਮਾਲਾ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, ਚੰਡੀਗੜ੍ਹ।

5. ਡਾ. ਬਲਦੇਵ ਸਿੰਘ ਚੀਮਾ, ਪੰਜਾਬੀ ਭਾਸ਼ਾ ਵਿਗਿਆਨ: ਤਕਨੀਕੀ ਸ਼ਬਦਾਵਲੀ ਦਾ ਕੋਸ਼, ਪੰਜਾਬੀ ਯੂਨੀਵਰਸਿਟੀ ਪਟਿਆਲਾ।

6. ਡਾ. ਬਲਦੇਵ ਸਿੰਘ ਚੀਮਾ , ਪੰਜਾਬੀ ਵਾਕ ਬੰਧ: ਬਣਤਰ ਅਤੇ ਕਾਰਜ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

7. ਬਟਾ ਸਿੰਘ ਬਰਾੜ, ਪੰਜਾਬੀ ਭਾਸ਼ਾ ਅਤੇ ਸਾਹਿਤ : ਭਾਸ਼ਾਈ ਸਰੋਕਾਰ, ਦੀਪਕ ਪਬਲਿਸ਼ਰਜ਼, ਜਲੰਧਰ, 2010

8. ਬੂਟਾ ਸਿੰਘ ਬਰਾੜ, ਪੰਜਾਬੀ ਭਾਸ਼ਾ : ਸੋਤ ਤੇ ਸਰੂਪ, ਵਾਰਿਸਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2004.

9. ਬੂਟਾ ਸਿੰਘ ਬਰਾੜ, ਪੰਜਾਬੀ ਵਿਆਕਰਨ : ਸਿਧਾਂਤ ਤੇ ਵਿਹਾਰ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2008

10. ਆਧੁਨਿਕ ਪੰਜਾਬੀ ਸਾਹਿਤ ਰੂਪਾਕਾਰ: ਸਿਧਾਂਤ ਤੇ ਰੂਪਾਂਤਰਣ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

11. ਡਾ. ਪਰਮਿੰਦਰ ਸਿੰਘ, ਸਾਹਿਤ ਰੇ ਰੂਪ, ਲਹੌਰ ਬੁੱਕ ਸ਼ਾਪ, ਲੁਧਿਆਣਾ।

# ਬੀ.ਏ. ਭਾਗ ਤੀਜਾ (ਪੰਜਾਬੀ ਲਾਜ਼ਮੀ)

## 2022-23, 2023-24, 2024-25 ਸੈਸ਼ਨਾਂ ਦੇ ਰੈਗੂਲਰ ਵਿਦਿਆਰਥੀਆਂ ਲਈ

## (ਸਮੈਸਟਰ ਛੇਵਾਂ)

ਕੁਲ ਅੰਕ : 100 — ਪਾਸ ਹੋਣ ਲਈ ਅੰਕ : 35

ਬਾਹਰੀ ਪਰੀਖਿਆ: 75 ਅੰਕ — ਅੰਦਰੂਨੀ ਮੁਲਾਂਕਣ : 25 ਅੰਕ

ਬਾਹਰੀ ਪਰੀਖਿਆ ਵਿਚੋਂ ਪਾਸ ਹੋਣ ਲਈ ਅੰਕ : 26 — ਅੰਦਰੂਨੀ ਮੁਲਾਂਕਣ ਵਿਚੋਂ ਪਾਸ ਹੋਣ ਲਈ ਅੰਕ : 09

ਸਮਾਂ : 3 ਘੰਟੇ — ਅਧਿਆਪਨ: 50 ਪੀਰੀਅਡ

**ਸਿਲੇਬਸ ਅਤੇ ਪਾਠ-ਪੁਸਤਕਾਂ**

**ਭਾਗ – ੳ**

**1. ਲੋਕਧਾਰਾ ਦੀ ਭੂਮਿਕਾ, ਸੰਪਾਦਕ: ਡਾ. ਭੁਪਿੰਦਰ ਸਿੰਘ ਖਹਿਰਾ ਅਤੇ ਡਾ. ਸੁਰਜੀਤ ਸਿੰਘ — 8 +8=16 ਅੰਕ**

**ਭਾਗ - ਅ**

**2. ਅਨੁਵਾਦ ਸਿਧਾਂਤ, ਪ੍ਰਕਾਰਜ ਅਤੇ ਵੰਨਗੀਆਂ**

**ੳ) ਅਨੁਵਾਦ ਸਿਧਾਂਤ: ਅਨੁਵਾਦ ਕੀ ਹੈ, ਅਨੁਵਾਦ ਦਾ ਮਹੱਤਵ ਤੇ ਪ੍ਰਕਾਰਜ**

**ਅ) ਅਨੁਵਾਦ ਦੀਆਂ ਵੰਨਗੀਆਂ: ਸਾਹਿਤਕ, ਪ੍ਰਸ਼ਾਸਕੀ, ਕਿੱਤਾਮੁਖੀ ਤੇ ਤਕਨੀਕੀ ਅਨੁਵਾਦ — 10 ਅੰਕ**

**ੲ) ਅਨੁਵਾਦ ਦਾ ਵਿਹਾਰਕ ਅਭਿਆਸ: ਸਾਹਿਤਕ ਰਚਨਾ (ਅੰਗਰੇਜ਼ੀ ਜਾਂ ਹਿੰਦੀ) ਦੇ ਇੱਕ ਪੈਰੇ/ਬੰਦ/ਖੰਡ ਜਾਂ ਇੱਕ ਨਿੱਕੀ ਕਵਿਤਾ ਦਾ ਪੰਜਾਬੀ ਅਨੁਵਾਦ — 5 ਅੰਕ**

**3. ਵਿਆਕਰਣ**

(i) **ਉਪਵਾਕ: ਪਰਿਭਾਸ਼ਾ, ਬਣਤਰ, ਪ੍ਰਕਾਰਜ ਅਤੇ ਕਿਸਮਾਂ**

(ii) **ਵਾਕ: ਪਰਿਭਾਸ਼ਾ, ਬਣਤਰ, ਪ੍ਰਕਾਰਜ ਅਤੇ ਕਿਸਮਾਂ**

(iii) **ਵਾਕਾਤਮਕ ਜੁਗਤਾਂ (ਮੇਲ ਅਤੇ ਅਧਿਕਾਰ)**

(iv) **ਵਿਹਾਰਕ ਵਿਆਕਰਨਕ ਵਿਸ਼ਲੇਸਣ — 10 + 4 = 14 ਅੰਕ**

**ਭਾਗ - ੲ**

**4. ਸਮੁਚੇ ਪਾਠਕ੍ਰਮ ਵਿੱਚੋਂ ਸੰਖੇਪ ਉੱਤਰਾਂ ਵਾਲੇ ਪ੍ਰਸ਼ਨ। — 15 x 2 = 30 ਅੰਕ**

## ਪ੍ਰੀਖਿਆਰਥੀਆਂ, ਅਧਿਆਪਕਾਂ ਅਤੇ ਪੇਪਰ ਸੈਟਰ ਲਈ ਬਾਹਰੀ ਮੁਲਾਂਕਣ ਵਾਸਤੇ ਹਦਾਇਤਾਂ

### ਭਾਗ - ੳ

1. ੳ) ਪਾਠ-ਪੁਸਤਕ "ਲੋਕਧਾਰਾ ਦੀ ਭੂਮਿਕਾ" ਵਿਚੋਂ ਕੋਈ ਦੋ ਲੇਖ ਦੇ ਕੇ ਉਨ੍ਹਾਂ ਵਿੱਚੋਂ ਕਿਸੇ ਇਕ ਦਾ ਵਿਸ਼ਾ ਵਸਤੂ/ਸਾਰ ਲਿਖਣ ਲਈ ਆਖਿਆ ਜਾਵੇਗਾ। **(ਦੋ ਵਿੱਚੋਂ ਇੱਕ)** **8 ਅੰਕ**

ਅ) ਪਾਠ-ਪੁਸਤਕ "ਲੋਕਧਾਰਾ ਦੀ ਭੂਮਿਕਾ" ਵਿਚੋਂ ਚਾਰ ਸੰਖੇਪ ਪ੍ਰਸ਼ਨ ਪੁੱਛੇ ਜਾਣਗੇ ਜਿਨ੍ਹਾਂ ਵਿੱਚੋਂ ਵਿਦਿਆਰਥੀ ਨੇ ਦੋ ਦਾ ਉੱਤਰ ਦੇਣਾ ਹੋਵੇਗਾ। ਪ੍ਰਸ਼ਨ ਇਸ ਤਰ੍ਹਾਂ ਪੁੱਛੇ ਜਾਣ ਕਿ ਹਰ ਪ੍ਰਸ਼ਨ ਦਾ ਉੱਤਰ 8-10 ਸਤਰਾਂ ਵਿਚ ਦਿੱਤਾ ਜਾ ਸਕਦਾ ਹੋਵੇ। **(ਚਾਰ ਵਿੱਚੋਂ ਦੋ)** **4x2=8 ਅੰਕ**

### ਭਾਗ - ਅ

2. ੳ) ਅਨੁਵਾਦ ਸਿਧਾਂਤ, ਪ੍ਰਕਾਰਜ ਅਤੇ ਵੰਨਗੀਆਂ ਬਾਰੇ ਕੋਈ ਦੋ ਵਰਣਨਾਤਮਕ ਪ੍ਰਸ਼ਨ ਪੁੱਛ ਕੇ ਉਨ੍ਹਾਂ ਵਿਚੋਂ ਕਿਸੇ ਇੱਕ ਦਾ ਉੱਤਰ ਦੇਣ ਲਈ ਆਖਿਆ ਜਾਵੇਗਾ। **(ਦੋ ਵਿੱਚੋਂ ਇੱਕ)** **10 ਅੰਕ**

ਅ) ਅਨੁਵਾਦ ਦੇ ਵਿਹਾਰਕ ਅਭਿਆਸ ਲਈ ਸਾਹਿਤਕ ਰਚਨਾ (ਅੰਗਰੇਜ਼ੀ ਜਾਂ ਹਿੰਦੀ) ਦੇ ਇੱਕ ਪੈਰੇ/ਬੰਦ/ਖੰਡ ਜਾਂ ਇੱਕ ਨਿੱਕੀ ਕਵਿਤਾ ਦਾ ਪੰਜਾਬੀ ਅਨੁਵਾਦ ਕਰਨ ਲਈ ਆਖਿਆ ਜਾਵੇਗਾ। **05 ਅੰਕ**

3. ੳ) ਵਿਆਕਰਣ ਦੇ ਨਿਰਧਾਰਤ ਭਾਗ (i, ii, iii) ਵਿਚੋਂ ਦੋ ਵਰਣਨਾਤਮਕ ਪ੍ਰਸ਼ਨ ਪੁੱਛ ਕੇ ਉਨ੍ਹਾਂ ਵਿਚੋਂ ਕਿਸੇ ਇੱਕ ਦਾ ਉੱਤਰ ਦੇਣ ਲਈ ਆਖਿਆ ਜਾਵੇਗਾ। **10 ਅੰਕ**

ਅ) ਵਿਆਕਰਣ ਦੇ ਨਿਰਧਾਰਤ ਭਾਗ (iv) ਵਿਚ ਪਾਠ-ਪੁਸਤਕ "ਲੋਕਧਾਰਾ ਦੀ ਭੂਮਿਕਾ" ਵਿਚੋਂ ਤਿੰਨ ਵਾਕ ਦੇ ਕੇ ਉਨ੍ਹਾਂ ਦੀ ਭਾਸ਼ਾ ਦਾ ਵਿਵਹਾਰਕ ਵਿਆਕਰਨਕ ਵਿਸ਼ਲੇਸ਼ਣ ਕਰਨ ਲਈ ਕਿਹਾ ਜਾਵੇਗਾ। **2x2 =O4 ਅੰਕ**

### ਭਾਗ - ੲ

4. ਇਸ ਭਾਗ ਵਿਚ ਸੰਖੇਪ ਉਤਰਾਂ ਵਾਲੇ ਕੁੱਲ 15 ਪ੍ਰਸ਼ਨ ਪੁੱਛੇ ਜਾਣਗੇ। ਪਾਠ-ਪੁਸਤਕ "ਲੋਕਧਾਰਾ ਦੀ ਭੂਮਿਕਾ" ਵਿਚੋਂ 7 ਪ੍ਰਸ਼ਨ ਅਤੇ ਵਿਆਕਰਣ ਵਾਲੇ ਭਾਗ ਵਿਚੋਂ 8 ਪ੍ਰਸ਼ਨ ਪੁੱਛੇ ਜਾਣਗੇ। ਪ੍ਰੀਖਿਆਰਥੀ ਨੇ ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਹੋਣਗੇ। ਹਰੇਕ ਪ੍ਰਸ਼ਨ ਦੇ 2 ਅੰਕ ਹੋਣਗੇ। **15x2=30 ਅੰਕ**

## ਪ੍ਰੀਖਿਆਰਥੀਆਂ, ਅਧਿਆਪਕਾਂ ਅਤੇ ਪੇਪਰ ਸੈਟਰ ਲਈ ਅੰਦਰੂਨੀ ਮੁਲਾਂਕਣ ਵਾਸਤੇ ਹਦਾਇਤਾਂ

ਇਸ ਭਾਗ ਲਈ ਵਿਦਿਆਰਥੀ 20-30 ਪੰਨਿਆਂ ਦੀ ਸਕਰੈਪਬੁੱਕ ਤਿਆਰ ਕਰੇਗਾ, ਜਿਸ ਵਿਚ ਹਰ ਕਿਸਮ ਦੇ ਅਨੁਵਾਦ (ਹਿੰਦੀ ਅਤੇ ਅੰਗਰੇਜ਼ੀ ਤੋਂ ਪੰਜਾਬੀ) ਦੇ ਘੱਟ ਤੋਂ ਘੱਟ ਦੋ ਪੰਨੇ ਜ਼ਰੂਰ ਹੋਣਗੇ। ਬਾਕੀ ਦੇ ਪੰਨੇ ਉਸ ਨੂੰ ਪਸੰਦ ਅਨੁਵਾਦ ਵੰਨਗੀ ਦੇ ਹੋ ਸਕਦੇ ਹਨ। ਸਾਹਿਤਕ ਰਚਨਾਵਾਂ ਅਨੁਵਾਦ ਕਰਨ ਵਿਚ ਦਿਲਚਸਪੀ ਰੱਖਣ ਵਾਲਾ ਵਿਦਿਆਰਥੀ 20-30 ਪੰਨਿਆਂ ਦੀ ਕੋਈ ਇੱਕ ਰਚਨਾ ਦਾ ਅਨੁਵਾਦ ਵੀ ਕਰ ਸਕਦਾ ਹੈ। ਇਹ ਕਾਰਜ ਅਧਿਆਪਕ ਦੀ ਨਿਗਰਾਨੀ ਵਿਚ ਕੀਤਾ ਜਾਵੇਗਾ ਅਤੇ ਅੰਦਰੂਨੀ ਮੁਲਾਂਕਣ ਵਿਚ ਅਸਾਈਨਮੈਂਟ ਦੇ ਅੰਕ ਇਸ ਸਕਰੈਪ ਬੁੱਕ ਜਾਂ ਅਨੁਵਾਦਿਤ ਰਚਨਾ ਦੇ ਆਧਾਰ 'ਤੇ ਦਿੱਤੇ ਜਾਣਗੇ।

## ਸਹਾਇਕ ਪਾਠ-ਸਾਮੱਗਰੀ


1. ਦੁਨੀ ਚੰਦਰ, ਪੰਜਾਬੀ ਭਾਸ਼ਾ ਦਾ ਵਿਆਕਰਨ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1964
2. ਡਾ. ਹਰਕੀਰਤ ਸਿੰਘ, ਰੂਪਾਂਤਰੀ ਵਿਆਕਰਣ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ ਚੰਡੀਗੜ੍ਹ।
3. ਪੁਆਰ, ਜੋਗਿੰਦਰ ਸਿੰਘ ਅਤੇ ਹੋਰ ਪੰਜਾਬੀ ਭਾਸ਼ਾ ਦਾ ਵਿਆਕਰਨ ਭਾਗ-III, ਪੰਜਾਬੀ ਭਾਸ਼ਾ ਅਕਾਦਮੀ, ਜਲੰਧਰ, 1994
4. ਡਾ. ਹਰਕੀਰਤ ਸਿੰਘ ਤੇ ਗਿਆਨੀ ਲਾਲ ਸਿੰਘ, ਕਾਲਿਜ ਪੰਜਾਬੀ ਵਿਆਕਰਣ ਤੇ ਲੇਖ-ਮਾਲਾ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, ਚੰਡੀਗੜ੍ਹ।
5. ਡਾ. ਬਲਦੇਵ ਸਿੰਘ ਚੀਮਾ, ਪੰਜਾਬੀ ਭਾਸ਼ਾ ਵਿਗਿਆਨ: ਤਕਨੀਕੀ ਸ਼ਬਦਾਵਲੀ ਦਾ ਕੋਸ਼, ਪੰਜਾਬੀ ਯੂਨੀਵਰਸਿਟੀ ਪਟਿਆਲਾ।
6. ਸੁਸ਼ੀਲ ਕੁਮਾਰ, ਅਨੁਵਾਦ ਦਾ ਸੰਵਾਦ, ਉਡਾਣ ਪ੍ਰਕਾਸ਼ਨ, ਮਾਨਸਾ, 2003
7. ਜਸਪਾਲ ਕੌਰ, ਅਨੁਵਾਦ ਅਤੇ ਮੌਖਿਕ ਅਨੁਵਾਦ ਕਲਾ, ਮਨਪ੍ਰੀਤ ਪ੍ਰਕਾਸ਼ਨ, ਦਿੱਲੀ, 2014